danalogic GN

## ਡੈਨਾਲੋਜਿਕ ਐਂਬਿਓ ਸਮਾਰਟ

# ਤੁਹਾਡੇ ਨਵੇਂ ਬਲੂਟੁੱਥ® ਹੀਅਰਿੰਗ ਏਡ



GN Making Life Sound Better

# ਤੁਹਾਡੇ ਨਵੇਂ ਡੈਨਾਲੋਗਿਕ ਐਂਬਿਓ ਸਮਾਰਟ ਹੀਅਰਿੰਗ ਏਡ ਵਿੱਚ ਬਲੂਟੁੱਥ ਸਮਰੱਥਾ ਹੈ।

ਇਹ ਬਹੁਤ ਵਧੀਆ ਖ਼ਬਰ ਹੈ ਕਿਉਂਕਿ ਇਹ ਵਿਸ਼ੇਸ਼ਤਾ ਤੁਹਾਨੂੰ ਬਹੁਤ ਸਾਰੇ ਲਾਭ ਦਿੰਦੀ ਹੈ ਜਿਸ ਵਿੱਚ ਤੁਹਾਡੇ ਹੀਅਰਿੰਗ ਏਡ ਰਾਹੀਂ ਸਿੱਧੇ ਤੁਹਾਡੇ ਫ਼ੋਨ (ਕਾੱਲਾਂ, ਸੰਗੀਤ ਅਤੇ ਆਡੀਓ) ਤੋਂ ਆਵਾਜ਼ਾਂ ਸੁਣਨ ਦੇ ਯੋਗ ਹੋਣਾ ਸ਼ਾਮਲ ਹੈ।

ਇਹ ਿ

**www.danalogic.co.uk/connectivity**

# ਬਲੂਟੁੱਥ ਹੀਅਰਿੰਗ ਏਡ ਦੇ ਫਾਇਦੇ


- ਹੀਅਰਿੰਗ ਏਡ ਨੂੰ ਪਹਿਨਣ ਦੌਰਾਨ ਫ਼ੋਨ ਕਾੱਲਾਂ ਨਾਲ ਸਿੱਝਣਾ ਹੋ ਸਕਦਾ ਹੈ। ਤੁਹਾਡੇ ਨਵੇਂ ਹੀਅਰਿੰਗ ਏਡ ਤੁਹਾਨੂੰ ਫ਼ੋਨ ਅਤੇ ਵੀਡੀਓ ਕਾੱਲਾਂ, ਦੋਵਾਂ ਨੂੰ ਸਿੱਧੇ ਸਟ੍ਰੀਮ ਕਰਨ ਦੀ ਇਜਾਜ਼ਤ ਦੇਣਗੇ। ਇਸ ਨਾਲ ਇਹ ਸੁਣਨਾ ਆਸਾਨ ਹੋ ਜਾਂਦਾ ਹੈ ਕਿ ਕੀ ਕਿਹਾ ਜਾ ਰਿਹਾ ਹੈ।
- ਤੁਹਾਨੂੰ ਹੁਣ ਆਪਣੇ ਸਮਾਰਟ ਡਿਵਾਈਸ ਤੋਂ ਸੰਗੀਤ, ਵੀਡੀਓ ਜਾਂ ਹੋਰ ਆਡੀਓ ਸੁਣਨ ਲਈ ਹੈੱਡਫੋਨ ਪਹਿਨਣ ਦੀ ਲੋੜ ਨਹੀਂ ਹੈ ਕਿਉਂਕਿ ਆਵਾਜ਼ ਤੁਹਾਡੇ ਹੀਅਰਿੰਗ ਏਡ ਵਿੱਚ ਸਟ੍ਰੀਮ ਕੀਤੀ ਜਾਵੇਗੀ।

# ਬਲੂਟੁੱਥ ਸਟ੍ਰੀਮਿੰਗ ਲਈ ਤੁਹਾਡੇ ਹੀਅਰਿੰਗ ਏਡ ਨੂੰ ਕਨੈਕਟ ਕਰਨਾ

Download on the App Store

GET IT ON Google Play


ਜੇਕਰ ਤੁਹਾਡੇ ਕੋਲ ਇੱਕ ਅਨੁਕੂਲ ਸਮਾਰਟ ਯੰਤਰ ਹੈ, ਤਾਂ ਕਿਰਪਾ ਕਰਕੇ ਆਪਣੇ ਹੀਅਰਿੰਗ ਏਡ ਨੂੰ ਇਸ ਨਾਲ ਜੋੜਨ ਲਈ ਇਸ ਕਿਤਾਬਚੇ ਵਿੱਚ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ।




# ਤੁਹਾਡੇ ਹੀਅਰਿੰਗ ਏਡ ਨੂੰ ਆਪਣੀ Apple® ਡਿਵਾਈਸ ਨਾਲ ਕਿਵੇਂ ਜੋੜਨਾ ਹੈ

ਕਿਰਪਾ ਕਰਕੇ ਇਸ ਖਾਸ ਕ੍ਰਮ ਵਿੱਚ ਇਹਨਾਂ ਹਦਾਇਤਾਂ ਦੀ ਪਾਲਣਾ ਕਰੋ।

1. ਆਪਣੇ ਹੀਅਰਿੰਗ ਏਡ ਬੰਦ ਕਰੋ।
2. ਆਪਣੀ Apple ਡਿਵਾਈਸ 'ਤੇ 'ਸੈਟਿੰਗ' ਮੀਨੂ 'ਤੇ ਜਾ ਕੇ ਬਲੂਟੁੱਥ ਨੂੰ ਚਾਲੂ ਕਰੋ। ਜਦੋਂ ਤੁਸੀਂ ਬਲੂਟੁੱਥ ਨੂੰ ਸਰਗਰਮ ਕਰਦੇ ਹੋ ਤਾਂ ਸਲਾਈਡਰ ਹਰਾ ਹੋ ਜਾਂਦਾ ਹੈ।
3. ਮੁੱਖ ਸੈਟਿੰਗਾਂ ਮੀਨੂ 'ਤੇ ਵਾਪਸ ਜਾਓ ਅਤੇ ਫਿਰ 'ਪਹੁੰਚਯੋਗਤਾ (Accessibility)' 'ਤੇ ਟੈਪ ਕਰੋ।
4. 'ਸੁਣਨ ਵਾਲੇ ਯੰਤਰਾਂ (Hearing Devices)' ਤੱਕ ਹੇਠਾਂ ਸਕ੍ਰੋਲ ਕਰੋ।
5. ਜੇਕਰ ਤੁਹਾਡੇ ਹੀਅਰਿੰਗ ਏਡ ਪਹਿਲਾਂ ਹੀ ਚਾਲੂ ਹਨ, ਤਾਂ ਕਿਰਪਾ ਕਰਕੇ ਉਹਨਾਂ ਨੂੰ ਮੁੜ ਚਾਲੂ ਕਰੋ। ਨਹੀਂ ਤਾਂ, ਕਿਰਪਾ ਕਰਕੇ ਆਪਣੇ ਹੀਅਰਿੰਗ ਏਡ ਨੂੰ ਚਾਲੂ ਕਰੋ। ਇਹ ਯਕੀਨੀ ਬਣਾਏਗਾ ਕਿ ਤੁਹਾਡੀ Apple ਡਿਵਾਈਸ ਤੁਹਾਡੇ ਹੀਅਰਿੰਗ ਏਡ ਦਾ ਪਤਾ ਲਗਾ ਸਕਦੀ ਹੈ।






6. 'ਜੋੜਾ ਬਣਾਓ (Pair)' 'ਤੇ ਟੈਪ ਕਰੋ। ਜੇ ਤੁਹਾਡੇ ਕੋਲ ਦੋ ਹੀਅਰਿੰਗ ਏਡ ਹਨ, ਤਾਂ ਤੁਹਾਨੂੰ ਦੋ ਵਾਰ ਸਵੀਕਾਰ ਕਰਨ ਦੀ ਲੋੜ ਹੋਵੇਗੀ।

7. ਐਪ ਸਟੋਰ 'ਤੇ ਜਾਓ ਅਤੇ 'BeMore' ਖੋਜੋ।

8. BeMore ਐਪ ਨੂੰ ਡਾਊਨਲੋਡ ਕਰੋ, ਇਸਨੂੰ ਖੋਲ੍ਹੋ ਅਤੇ 'ਸ਼ੁਰੂਆਤ ਕਰੋ (Get Started)' 'ਤੇ ਟੈਪ ਕਰੋ।


9. ਐਪ ਨਾਲ ਜੁੜਨ ਲਈ ਸਕ੍ਰੀਨ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ। ਤੁਸੀਂ ਹੁਣ ਇਸਨੂੰ ਵਰਤਣ ਲਈ ਤਿਆਰ ਹੋ।

*ਟਿੱਪਣੀ: ਇਹ ਕਦਮ ਹਨ ਅਤੇ ਇਹ iOS 13 ਅਤੇ ਨਵੇਂ ਸੰਸਕਰਣ ਵਿੱਚ ਕਿਵੇਂ ਦਿਖਾਈ ਦਿੰਦਾ ਹੈ*

# ਜੇਕਰ ਤੁਹਾਨੂੰ ਆਪਣੀ Apple ਡਿਵਾਈਸ ਨੂੰ ਮੁੜ-ਜੋੜਨ ਦੀ ਲੋੜ ਪੈਂਦੀ ਹੈ


ਜੇਕਰ ਤੁਹਾਡੀਆਂ ਇੱਕ ਜਾਂ ਦੋਨੋਂ ਹੀਅਰਿੰਗ ਏਡ ਨੂੰ ਬਦਲ ਦਿੱਤਾ ਗਿਆ ਹੈ, ਤਾਂ ਤੁਹਾਨੂੰ ਉਹਨਾਂ ਨੂੰ ਆਪਣੇ ਸਮਾਰਟ ਡਿਵਾਈਸ ਨਾਲ ਦੁਬਾਰਾ ਜੋੜਨ ਦੀ ਲੋੜ ਹੋਵੇਗੀ।

1. ਸੈਟਿੰਗਾਂ ਮੀਨੂ 'ਤੇ ਜਾ ਕੇ ਪੁਰਾਣੇ ਹੀਅਰਿੰਗ ਏਡ ਨੂੰ ਹਟਾ ਕੇ ਸ਼ੁਰੂ ਕਰੋ।
2. ਹੇਠਾਂ ਸਕ੍ਰੋਲ ਕਰੋ ਅਤੇ 'ਪਹੁੰਚਯੋਗਤਾ (Accessibility)' ਚੁਣੋ।
3. 'ਸੁਣਨ ਵਾਲੇ ਯੰਤਰ (ਹੀਅਰਿੰਗ ਏਡ)' ਚੁਣੋ।
4. 'MFI Hearing Devices' ਸੈਕਸ਼ਨ ਦੇ ਤਹਿਤ ਸਕਰੀਨ 'ਤੇ ਹੀਅਰਿੰਗ ਏਡ ਨੂੰ ਚੁਣੋ ਅਤੇ 'ਇਸ ਡਿਵਾਈਸ ਨੂੰ ਭੁੱਲ ਜਾਓ (Forget this device)' 'ਤੇ ਟੈਪ ਕਰੋ।
5. ਆਪਣੇ ਨਵੇਂ ਹੀਅਰਿੰਗ ਏਡ ਨੂੰ ਮੁੜ ਚਾਲੂ ਕਰੋ ਅਤੇ 'ਜੋੜਾ ਬਣਾਓ (pair)' ਦਬਾਓ। ਜੇਕਰ ਤੁਸੀਂ ਦੋ ਹੀਅਰਿੰਗ ਏਡ ਪਹਿਨੇ ਹੋਏ ਹੋ ਤਾਂ ਤੁਹਾਨੂੰ 'ਜੋੜਾ ਬਣਾਓ (pair)' ਨੂੰ ਦੋ ਵਾਰ ਟੈਪ ਕਰਨ ਦੀ ਲੋੜ ਹੋਵੇਗੀ।



# ਤੁਹਾਡੇ ਹੀਅਰਿੰਗ ਏਡ ਨੂੰ ਆਪਣੀ Android™ ਡਿਵਾਈਸ ਨਾਲ ਕਿਵੇਂ ਜੋੜਨਾ ਹੈ

1. ਗੂਗਲ ਪਲੇ ਸਟੋਰ 'ਤੇ ਜਾਓ, 'BeMore ਦੀ ਖੋਜ ਕਰੋ ਅਤੇ ਐਪ ਨੂੰ ਡਾਊਨਲੋਡ ਕਰੋ।
2. ਇੱਕ ਵਾਰ ਡਾਊਨਲੋਡ ਕਰਨ ਤੋਂ ਬਾਅਦ, ਐਪ ਖੋਲ੍ਹੋ ਅਤੇ 'ਸ਼ੁਰੂ ਕਰੋ (Get Started)' 'ਤੇ ਟੈਪ ਕਰੋ।
3. ਐਪ ਨਾਲ ਜੁੜਨ ਲਈ ਸਕ੍ਰੀਨ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ। ਤੁਸੀਂ ਹੁਣ ਇਸਨੂੰ ਵਰਤਣ ਲਈ ਤਿਆਰ ਹੋ।



# ਜੇਕਰ ਤੁਹਾਨੂੰ ਆਪਣੀ Android ਡਿਵਾਈਸ ਨੂੰ ਮੁੜ-ਜੋੜਨ ਦੀ ਲੋੜ ਪੈਂਦੀ ਹੈ

ਜੇਕਰ ਤੁਹਾਡੀਆਂ ਇੱਕ ਜਾਂ ਦੋਨੋਂ ਹੀਅਰਿੰਗ ਏਡ ਨੂੰ ਬਦਲ ਦਿੱਤਾ ਗਿਆ ਹੈ, ਤਾਂ ਤੁਹਾਨੂੰ ਉਹਨਾਂ ਨੂੰ ਆਪਣੇ ਸਮਾਰਟ ਡਿਵਾਈਸ ਨਾਲ ਦੁਬਾਰਾ ਜੋੜਨ ਦੀ ਲੋੜ ਹੋਵੇਗੀ।

1. ਸੈਟਿੰਗਜ਼' ਮੀਨੂ ਨੂੰ ਖੋਲ੍ਹਣ ਲਈ ਸਕ੍ਰੀਨ ਦੇ ਸਿਖਰ ਤੋਂ ਹੇਠਾਂ ਵੱਲ ਸਵਾਈਪ ਕਰੋ, ਫਿਰ ਬਲੂਟੁੱਥ ਆਈਕਨ ਨੂੰ 2 ਸਕਿੰਟ ਦਬਾ ਕੇ ਰੱਖੋ।
2. ਹੀਅਰਿੰਗ ਏਡ ਲਈ ਸੈਟਿੰਗਜ਼ ਆਈਕਨ ਨੂੰ 2 ਸਕਿੰਟਾਂ ਲਈ ਫੜੀ ਰੱਖੋ।
3. 'ਭੁੱਲੋ (Forget)' ਚੁਣੋ।
4. BeMore ਐਪ ਖੋਲ੍ਹੋ।
5. 'BeMore ਮੀਨੂ' ਖੋਲ੍ਹੋ ਅਤੇ 'ਹੀਅਰਿੰਗ ਏਡ ਨੂੰ ਜੋੜੋ (Pair new hearing aids)' ਦੀ ਚੋਣ ਕਰੋ। ਫਿਰ ਕਨੈਕਟ ਕਰਨ ਲਈ ਸਕ੍ਰੀਨ 'ਤੇ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰੋ। ਤੁਸੀਂ ਹੁਣ ਇਸਨੂੰ ਵਰਤਣ ਲਈ ਤਿਆਰ ਹੋ।



danalogic GN

# ਜੇਕਰ ਤੁਹਾਨੂੰ ਮੁਸ਼ਕਲਾਂ ਆ ਰਹੀਆਂ ਹਨ, ਤਾਂ ਕਿਰਪਾ ਕਰਕੇ ਹੋਰ ਮਾਰਗਦਰਸ਼ਨ ਲਈ ਸਾਡੀ ਵੈੱਬਸਾਈਟ **danalogic.co.uk/patient-portal** ਦੇਖੋ ਜਾਂ ਆਪਣੇ ਆਡੀਓਲੋਜਿਸਟ ਨਾਲ ਸੰਪਰਕ ਕਰੋ।

Download on the App Store

GET IT ON Google Play

ਹੀਅਰਿੰਗ ਏਡ ਸੰਬੰਧੀ ਸਹਾਇਤਾ, ਦੇਖਭਾਲ ਸੰਬੰਧੀ ਹਦਾਇਤਾਂ, ਹੋਰ ਜਾਣਕਾਰੀ ਸੰਬੰਧੀ ਵੀਡਿਓਜ਼ ਲਈ ਮੈਨੂੰ ਸਕੈਨ ਕਰੋ

© 2022 The GN ReSound Group, ਸਾਰੇ ਅਧਿਕਾਰ ਰਾਖਵੇਂ ਹਨ। ਡੈਨਾਲੋਜਿਕ GN Hearing A/S ਦਾ ਟ੍ਰੇਡਮਾਰਕ ਹੈ। Apple ਅਤੇ Apple ਲੋਗੋ, Apple Inc. ਦੇ ਟ੍ਰੇਡਮਾਰਕ ਹਨ, ਜੋ ਯੂ.ਐੱਸ. ਅਤੇ ਹੋਰ ਦੇਸ਼ਾਂ ਵਿੱਚ ਰਜਿਸਟਰਡ ਹਨ। ਐਪ ਸਟੋਰ Apple Inc. ਦਾ ਸੇਵਾ ਚਿੰਨ੍ਹ ਹੈ, ਜੋ ਯੂ.ਐੱਸ. ਅਤੇ ਹੋਰ ਦੇਸ਼ਾਂ ਵਿੱਚ ਰਜਿਸਟਰਡ ਹੈ। Android, Google Play ਅਤੇ Google Play ਲੋਗੋ Google LLC ਦੇ ਟ੍ਰੇਡਮਾਰਕ ਹਨ। ਬਲੂਟੁੱਥ ਸ਼ਬਦ ਚਿੰਨ੍ਹ ਅਤੇ ਲੋਗੋ, ਬਲੂਟੁੱਥ SIG, Inc ਦੀ ਮਲਕੀਅਤ ਵਾਲੇ ਰਜਿਸਟਰਡ ਟ੍ਰੇਡਮਾਰਕ ਹਨ।

ਟਿੱਪਣੀਆਂ:

ਟਿੱਪਣੀਆਂ:

danalogic GN

GN ਦਾ ਡੈਨਾਲੋਜਿਕ ਮਰੀਜ਼ ਦੀ ਪੂਰੀ ਯਾਤਰਾ ਦੌਰਾਨ ਸਕਾਰਾਤਮਕ ਨਤੀਜਿਆਂ ਨੂੰ ਲਿਆਉਣ ਲਈ ਸਖ਼ਤ ਮਿਹਨਤ ਕਰਦਾ ਹੈ, ਜਿਸ ਨਾਲ ਐਨ ਐਚ ਐਸ (NHS) ਨੂੰ ਓਥੇ ਲਈ ਬਿਹਤਰ ਦੇਖਭਾਲ ਪ੍ਰਦਾਨ ਕਰਨ ਦੇ ਯੋਗ ਬਣਾਇਆ ਜਾਂਦਾ ਹੈ ਜਿੱਥੇ ਇਹ ਅਸਲ ਵਿੱਚ ਮਹੱਤਵਪੂਰਨ ਹੈ।

ਡੈਨਾਲੋਜਿਕ, GN ਸਮੂਹ ਦਾ ਹਿੱਸਾ ਹੈ - ਇਹ ਵਿਸ਼ਵ-ਪ੍ਰਮੁੱਖ ਹੀਅਰਿੰਗ ਡਿਵਾਇਸਜ਼ ਤੋਂ ਲੈ ਕੇ ਜਾਬਰਾ ਦਫਤਰੀ ਹੈੱਡਸੈੱਟਾਂ ਅਤੇ ਸਪੋਰਟਸ ਹੈੱਡਫੋਨਾਂ ਤੱਕ, ਵਧੀਆ ਆਵਾਜ਼ ਦੀ ਅਗਵਾਈ ਕਰਦਾ ਹੈ। 1869 ਵਿੱਚ ਸਥਾਪਿਤ ਅਤੇ 5,000 ਤੋਂ ਵੱਧ ਲੋਕ ਨੂੰ ਰੁਜ਼ਗਾਰ। GN ਜ਼ਿੰਦਗੀ ਨੂੰ ਬਿਹਤਰ ਬਣਾਉਂਦਾ ਹੈ।

**www.danalogic.co.uk**




ਜੀ ਐਨ ਹੀਅਰਿੰਗ ਯੂ ਕੇ ਲਿਮ. ਯੂਨਿਟ
(GN Hearing UK Ltd.
Unit) 13,
ਤਾਲਿਸਮਾਨ ਬਿਜ਼ਨੈਸ ਸੈਂਟਰ (Talisman
Business Centre,
Bicester) OX26 6HR
ਟੈਲੀ: +44 1869 352 800
ਫ਼ੈਕਸ: +44 1869 343 466
danalogicuk@gnhearing.com
www.danalogic.co.uk


ਫ੍ਰੋ 09.31 A 9.2022